# Zoom ’ਤੇ ਆਪਣੀ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਹੋਣਾ।

Zoom ਇੱਕ ਤਕਨੀਕੀ ਪ੍ਰੋਗਰਾਮ ਹੈ ਜੋ ਕਿ ਲੋਕਾਂ ਨੂੰ ਵੀਡੀਓ ਦੁਆਰਾ ਕਿਸੇ ਵੀ ਸਥਾਨ ਤੋਂ ਇੱਕ ਹੀ ਮੀਟਿੰਗ ਵਿੱਚ ਸ਼ਾਮਲ ਹੋਣ ਦਿੰਦਾ ਹੈ। ਅਦਾਲਤੀ ਕਾਰਵਾਈ ਕਰਨ ਲਈ ਤੁਹਾਡੀ ਕੋਰਟ Zoom ਦਾ ਉਪਯੋਗ ਕਰ ਸਕਦੀ ਹੈ। ਇਹ ਗਾਈਡ ਤੁਹਾਨੂੰ ਇਹ ਦੱਸੇਗੀ ਕਿ Zoom ਦਾ ਉਪਯੋਗ ਕਰਦੇ ਹੋਏ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਕਿਵੇਂ ਸ਼ਾਮਲ ਹੋਈਏ। *ਕਿਰਪਾ ਕਰਕੇ ਨੋਟ ਕਰੋ: ਇੱਥੇ ਦਿੱਤੀ ਗਈ ਜਾਣਕਾਰੀ Zoom ਦੇ ਭਵਿੱਖ ਦੇ ਅੱਪਡੇਟ ਨਾਲ ਬਦਲ ਸਕਦੀ ਹੈ।*

**ਵੀਡੀਓਜ਼ ਦੇਖੋ!**

ਆਪਣੇ ਦੂਰ-ਦੁਰਾਡੇ ਦੇ ਕੋਰਟ ਦੀ ਕਾਰਵਾਈ ਲਈ Zoom ਦਾ ਉਪਯੋਗ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਇਸ 'ਤੇ ਜਾਓ **https://www.courts.ca.gov/VRI.htm** । ਜਾਂ ਫਿਰ, QR ਕੋਡ ਨੂੰ ਸਕੈਨ ਕਰੋ।

## ਦੂਰ-ਦੁਰਾਡੇ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ ਮੈਨੂੰ ਕੀ ਕਰਨਾ ਪਵੇਗਾ?

Zoom ’ਤੇ ਦੂਰ-ਦੁਰਾਡੇ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ, ਤੁਹਾਨੂੰ ਵੀਡੀਓ ਅਤੇ ਆਡੀਓ ਲਈ ਇੱਕ ਉਪਕਰਨ ਦੀ ਲੋੜ ਪਵੇਗੀ। ਇਹ ਇੱਕ **ਕੰਪਿਊਟਰ** (ਜਿਵੇਂਕਿ ਲੈਪਟਾਪ ਜਾਂ ਡੈਸਕਟਾਪ), **ਟੈਬਲੈਟ** ਜਾਂ **ਸਮਾਰਟਫੋਨ** ਹੋ ਸਕਦਾ ਹੈ। ਡਿਵਾਈਸ ਵਿੱਚ ਇੱਕ ਕੈਮਰਾ (ਵੀਡੀਓ ਲਈ) ਅਤੇ ਇੱਕ ਮਾਈਕ੍ਰੋਫੋਨ (ਆਡੀਓ ਲਈ) ਹੋਣਾ ਚਾਹੀਦਾ ਹੈ। ਤੁਹਾਡੇ ਕੋਲ ਇੰਟਰਨੈਟ ਜਾਂ ਸੈਲੂਲਰ ਡੈਟਾ ਤੱਕ ਪਹੁੰਚ ਵੀ ਹੋਣੀ ਚਾਹੀਦੀ ਹੈ।
ਜੇਕਰ ਤੁਹਾਡੇ ਕੋਲ ਇਹਨਾਂ ਵਿੱਚੋਂ ਕਿਸੇ ਇੱਕ ਡਿਵਾਈਸ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ **ਲੈਂਡਲਾਈਨ** ਜਾਂ **ਮੋਬਾਈਲ ਫੋਨ** ਦਾ ਉਪਯੋਗ ਕਰਦੇ ਹੋਏ Zoom ’ਤੇ ਇੱਕ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਡਾਇਲ ਕਰਨ ਦੇ ਸਮਰੱਥ ਹੋ ਸਕਦੇ ਹੋ। ਜੇਕਰ ਤੁਹਾਨੂੰ ਇਸ ਵਿਕਲਪ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ, ਖਾਸ ਤੌਰ ’ਤੇ ਜੇਕਰ ਤੁਹਾਨੂੰ ਵਿਆਖਿਆ ਦੀ ਲੋੜ ਹੈ।

ਆਪਣੀ ਡਿਵਾਈਸ ਦੇ ਆਧਾਰ ’ਤੇ Zoom ’ਤੇ ਆਪਣੇ ਦੂਰ-ਦੁਰਾਡੇ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ ਹੇਠਾਂ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੋ:

- ਕੰਪਿਊਟਰ ਤੱਕ ਪਹੁੰਚ
- ਸਮਾਰਟਫੋਨ ਜਾਂ ਟੈਬਲੈਟ ਤੱਕ ਪਹੁੰਚ
- ੈਲੀਫੋਨ ਤੱਕ ਪਹੰਚ

ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਸ਼ਾਮਲ ਹੋ ਸਕਦੇ ਹਨ। ਤੁਸੀਂ ਇਸ ਗਾਈਡ ਦੇ ਅੰਤ ਵਿੱਚ ਆਪਣੇ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਭਾਗ ਲੈਣ ਲਈ ਨੁਕਤਿਆਂ ਦਾ ਹਵਾਲਾ ਵੀ ਲੈ ਸਕਦੇ ਹੋ।

# ਕੰਪਿਊਟਰ ਤੱਕ ਪਹੁੰਚ

ਕੰਪਿਊਟਰ ’ਤੇ Zoom ਦਾ ਉਪਯੋਗ ਕਰ ਕੇ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਹੋਣ ਦੇ 2 ਤਰੀਕੇ ਹਨ:

1) ਆਪਣੀ ਡਿਵਾਈਸ ’ਤੇ Zoom ਐਪਲੀਕੇਸ਼ਨ ਡਾਊਨਲੋਡ ਕਰੋ (*ਸਿਫਾਰਸ਼- ਹੇਠਾਂ ਦੇਖੋ*)
2) ਇੱਕ ਵੈੱਬ ਬ੍ਰਾਊਜ਼ਰ ਤੋਂ ਸ਼ਾਮਲ ਹੋਵੋ (*ਪੇਜ 5 ਦੇਖੋ*)

## ਵਿਕਲਪ 1: ਆਪਣੀ ਡਿਵਾਈਸ ’ਤੇ Zoom ਐਪਲੀਕੇਸ਼ਨ ਡਾਊਨਲੋਡ ਕਰੋ (*ਸਿਫਾਰਸ਼*)

*Zoom ਨੂੰ ਡਾਊਨਲੋਡ ਕਰਨ ਨਾਲ ਤੁਹਾਨੂੰ ਇਸ ਦੀਆਂ ਸਾਰੀਆਂ ਸਹੂਲਤਾਂ ਤੱਕ ਵਧੇਰੇ ਪਹੁੰਚ ਮਿਲਦੀ ਹੈ, ਅਤੇ ਇਹ ਮੁਫਤ ਹੈ। ਜੇਕਰ ਤੁਸੀਂ ਆਪਣੀ ਡਿਵਾਈਸ ’ਤੇ ਪਹਿਲਾਂ ਹੀ Zoom ਡਾਊਨਲੋਡ ਕਰ ਲਿਆ ਹੈ, ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਨਵੀਨਤਮ ਅੱਪਡੇਟਸ ਇੰਸਟਾਲ ਕੀਤੇ ਹਨ।*

**1**

### ਆਪਣੀ ਡਿਵਾਈਸ ’ਤੇ Zoom ਡਾਊਨਲੋਡ ਕਰੋ।

Zoom Client for Meetings ਦਾ ਨਵੀਨਤਮ ਸੰਸਕਰਨ ਹਾਸਲ ਕਰਨ ਲਈ https://zoom.us/download ’ਤੇ ਜਾਓ।




**2**

### ਮੀਟਿੰਗ ਵਿਚ ਸ਼ਾਮਲ ਹੋਵੋ

ਆਪਣੀ ਅਦਾਲਤੀ ਕਾਰਵਾਈ ਦੀ ਤਾਰੀਕ ਅਤੇ ਸਮੇਂ ’ਤੇ, Zoom ਐਪਲੀਕੇਸ਼ਨ ਖੋਲੋ। “Join (ਸ਼ਾਮਲ ਹੋਵੋ)” ਦੀ ਚੋਣ ਕਰੋ।

ਤੁਹਾਨੂੰ ਕੋਰਟ ਤੋਂ Zoom ਮੀਟਿੰਗ ਦਾ ਲਿੰਕ ਵੀ ਮਿਲਿਆ ਹੋਵੇਗਾ। ਜੇਕਰ ਹਾਂ, ਤਾਂ ਤੁਸੀਂ ਸਿੱਧਾ ਇਸ ਲਿੰਕ ਦੀ ਚੋਣ ਕਰ ਸਕਦੇ ਹੋ। *ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।*




“Join (ਸ਼ਾਮਲ ਹੋਵੋ)” ਦੀ ਚੋਣ ਕਰੋ

ਲਿੰਕ ਦੀ ਚੋਣ




**3**

### ਮੀਟਿੰਗ ਆਈ.ਡੀ. ਅਤੇ ਪਾਸਕੋਡ ਦਾਖਲ ਕਰੋ

ਕੋਰਟ ਦੁਆਰਾ ਤੁਹਾਨੂੰ ਦਿਤੀ ਗਈ ਗਈ ਮੀਟਿੰਗ ਆਈ.ਡੀ. ਦਾਖਲ ਕਰੋ। ਸੰਕੇਤ ਮਿਲਣ 'ਤੇ ਪਾਸਕੋਡ ਦਰਜ ਕਰੋ। (ਇਹ ਜਾਣਕਾਰੀ ਕੋਰਟ ਦੁਆਰਾ ਭੇਜੇ ਗਏ Zoom ਮੀਟਿੰਗ ਸੱਦੇ ਵਿੱਚ ਹੋਵੇਗੀ) ਆਪਣਾ ਪੂਰਾ ਨਾਮ ਦਾਖਲ ਕਰਨਾ ਸੁਨਿਸ਼ਚਿਤ ਕਰੋ ਤਾਂ ਜੋ ਕਿ ਕੋਰਟ ਤੁਹਾਨੂੰ ਪਛਾਣ ਸਕੇ। ਫਿਰ “Join (ਸ਼ਾਮਲ ਹੋਵੋ)” ਦੀ ਚੋਣ ਕਰੋ।






***ਨੋਟ:***

*ਇਹਨਾਂ ਪੜਾਵਾਂ ਦੇ ਵਿਚਾਲੇ, Zoom ਤੁਹਾਨੂੰ Zoom ਐਪਲੀਕੇਸ਼ਨ ਦਾ ਉਪਯੋਗ ਕਰ ਕੇ ਇਸ ਨੂੰ ਖੋਲਣ ਲਈ ਆਖ ਸਕਦਾ ਹੈ। "Launch Meeting (ਲਾਂਚ ਮੀਟਿੰਗ(" ਦੀ ਚੋਣ ਕਰੋ। ਜੇਕਰ ਲੋੜ ਹੋਵੇ, ਤਾਂ ਪੌਪ-ਅੱਪ ਸਕਰੀਨ 'ਤੇ "Open zoom.us )zoom.us ਖੋਲੋ(" ।*




**4**

## ਆਪਣੇ ਆਡੀਓ ਦੀ ਚੋਣ ਕਰੋ

ਜੇਕਰ ਤੁਹਾਡੇ ਕੰਪਿਊਟਰ **ਵਿੱਚ ਮਾਈਕ੍ਰੋਫੋਨ** ਹੈ, ਤਾਂ " Computer ) Audioਕੰਪਿਊਟਰ ਆਡੀਓ(" ਦੀ ਚੋਣ ਕਰੋ। ਫਿਰ " Join with ) Computer Audioਕੰਪਿਊਟਰ ਆਡੀਓ ਨਾਲ ਜੁੜੋ(" ਦੀ ਚੋਣ ਕਰੋ।

ਜੇਕਰ ਤੁਹਾਡੇ ਕੰਪਿਊਟਰ **ਵਿੱਚ ਮਾਈਕ੍ਰੋਫੋਨ** ਨਹੀਂ ਹੈ, ਤਾਂ "Phone Call (ਫੋਨ ਕਾਲ)" ਚੁਣੋ ਅਤੇ ਆਪਣੇ ਲੈਂਡਲਾਈਨ ਜਾਂ ਮੋਬਾਈਲ ਫੋਨ ਦਾ ਉਪਯੋਗ ਕਰਦੇ ਹੋਏ ਦਿੱਤੇ ਗਏ ਨੰਬਰਾਂ ਵਿੱਚੋਂ ਇੱਕ ਡਾਇਲ ਕਰੋ। ਸੰਕੇਤ ਮਿਲਣ 'ਤੇ, # ਚਿੰਨ ਤੋਂ ਬਾਅਦ ਮੀਟਿੰਗ ਆਈ.ਡੀ. ਦਾਖਲ ਕਰੋ। ਸੰਕੇਤ ਮਿਲਣ 'ਤੇ, # ਚਿੰਨ ਤੋਂ ਬਾਅਦ ਪ੍ਰਤੀਭਾਗੀ ਆਈ.ਡੀ. ਦਾਖਲ ਕਰੋ। (ਜੇਕਰ ਤੁਹਾਡੇ ਕੋਲ ਪ੍ਰਤੀਭਾਗੀ ਆਈ.ਡੀ. ਨਹੀਂ ਹੈ, ਤਾਂ # ਦਬਾਓ)

*ਜੇਕਰ ਤੁਹਾਨੂੰ ਵਿਆਖਿਆ ਕਰਨ ਦੀ ਲੋੜ ਹੈ ਅਤੇ ਡਾਇਲ ਕਰਨ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ।*







**5**

## ਵੀਡੀਓ ਵਿੱਚ ਸ਼ਾਮਲ ਹੋਵੋ

Zoom ਤੁਹਾਨੂੰ ਵੀਡੀਓ ਦੇ ਨਾਲ ਜਾਂ ਵੀਡੀਓ ਦੇ ਬਗੈਰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰੇਗਾ। ਖੁੱਲਣ ਵਾਲੀ ਵਿੰਡੋ ਵਿੱਚ ਤੁਹਾਨੂੰ ਇੱਕ ਪ੍ਰੀਵਿਊ ਦਿਖਾਈ ਦੇਵੇਗਾ। ")Join with Video ਵੀਡੀਓ ਨਾਲ ਸ਼ਾਮਲ ਹੋਵੋ(" ਦੀ ਚੋਣ ਕਰੋ।



**ਨੋਟ:**

*ਤੁਹਾਡੇ ਆਉਣ 'ਤੇ ਤੁਹਾਨੂੰ ਇੱਕ ਵੇਟਿੰਗ ਰੂਮ ਵਿੱਚ ਰੱਖਿਆ ਜਾ ਸਕਦਾ ਹੈ। ਸਮਾਂ ਆਉਣ 'ਤੇ ਮੇਜ਼ਬਾਨ ਤੁਹਾਨੂੰ ਮੀਟਿੰਗ ਵਿੱਚ ਆਉਣ ਦੇਵੇਗਾ।*




6

## ਆਪਣੇ ਮਾਈਕ੍ਰੋਫੋਨ ਨੂੰ ਮਿਊਟ ਕਰੋ ਅਤੇ ਇਹ ਜਾਂਚ ਕਰੋ ਕਿ ਤੁਹਾਡਾ ਵੀਡੀਓ ਚਾਲੂ ਹੈ।

ਇੱਕ ਵਾਰ ਜਦੋਂ ਤੁਸੀਂ ਮੀਟਿੰਗ ਵਿੱਚ ਹੋਵੋ, ਤਾਂ ਇਹ ਤਸਦੀਕ ਕਰੋ ਕਿ ਤੁਹਾਡਾ ਮਾਈਕ੍ਰੋਫੋਨ ਮਿਊਟ ਹੈ ਅਤੇ ਤੁਹਾਡਾ ਕੈਮਰਾ ਚਾਲੂ ਹੈ।
ਜਦੋਂ ਤੁਹਾਡੇ ਮਾਈਕ੍ਰੋਫੋਨ ਜਾਂ ਕੈਮਰਾ ਆਈਕਾਨ ਦੇ ਮਾਧਿਅਮ ਨਾਲ ਲਾਲ ਸਲੈਸ਼ ਹੁੰਦਾ ਹੈ, ਤਾਂ ਉਹ ਬੰਦ ਹੋ ਜਾਂਦੇ ਹਨ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਮਾਈਕ੍ਰੋਫੋਨ ਆਈਕਨ ਦੇ ਮਾਧਿਅਮ ਨਾਲ ਇੱਕ ਲਾਲ ਸਲੈਸ਼ ਹੈ ਅਤੇ (ਮਿਊਟ ਹੈ) ਅਤੇ ਇਹ ਕਿ ਤੁਹਾਡੇ ਕੈਮਰੇ ਨਾਲ ਨਹੀਂ ਹੈ (ਚਾਲੂ ਹੈ)।



# ਵਿਕਲਪ 2: ਕਿਸੇ ਵੈੱਬ ਬ੍ਰਾਊਜ਼ਰ ਰਾਹੀਂ ਜੁੜੋ

*ਤੁਸੀਂ ਕਰੋਮ, ਫਾਇਰਫੋਕਸ, ਸਫਾਰੀ, ਇੰਟਰਨੈਟ ਐਕਸਪਲੋਰਰ 10 ਜਾਂ ਇਸ ਤੋਂ ਉੱਚ ਸੰਸਕਰਣ ਵਾਲੇ ਕਿਸੇ ਵੀ ਵੈੱਬ ਬ੍ਰਾਊਜ਼ਰ ਰਾਹੀਂ ਜੁੜ ਸਕਦੇ ਹੋ।*

**1**

### ਮੀਟਿੰਗ ਵਿੱਚ ਸ਼ਾਮਲ ਹੋਵੋ

ਆਪਣੀ ਅਦਾਲਤੀ ਕਾਰਵਾਈ ਦੀ ਤਾਰੀਕ 'ਤੇ, ਆਪਣੀ ਡਿਵਾਈਸ 'ਤੇ https://zoom.us/join 'ਤੇ ਜਾਓ।

ਤੁਹਾਨੂੰ ਕੋਰਟ ਤੋਂ Zoom ਮੀਟਿੰਗ ਦਾ ਲਿੰਕ ਵੀ ਮਿਲਿਆ ਹੋਵੇਗਾ। ਜੇਕਰ ਹਾਂ, ਤਾਂ ਤੁਸੀਂ ਸਿੱਧਾ ਇਸ ਲਿੰਕ ਦੀ ਚੋਣ ਕਰ ਸਕਦੇ ਹੋ।

*ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।*

ਵੈੱਬ ਬ੍ਰਾਊਜ਼ਰ 'ਤੇ Zoom ਖੋਲੋ।

ਲਿੰਕ ਦੀ ਚੋਣ




---

**2**

### ਮੀਟਿੰਗ ਆਈ.ਡੀ. ਅਤੇ ਪਾਸਕੋਡ ਦਾਖਲ ਕਰੋ

ਕੋਰਟ ਦੁਆਰਾ ਤੁਹਾਨੂੰ ਦਿਤੀ ਗਈ ਗਈ ਮੀਟਿੰਗ ਆਈ.ਡੀ. ਦਾਖਲ ਕਰੋ। ਸੰਕੇਤ ਮਿਲਣ 'ਤੇ ਪਾਸਕੋਡ ਦਰਜ ਕਰੋ। (ਇਹ ਜਾਣਕਾਰੀ ਕੋਰਟ ਦੁਆਰਾ ਭੇਜੇ ਗਏ Zoom ਮੀਟਿੰਗ ਸੱਦੇ ਵਿੱਚ ਹੋਵੇਗੀ) ਆਪਣਾ ਪੂਰਾ ਨਾਮ ਦਾਖਲ ਕਰਨਾ ਸੁਨਿਸ਼ਚਿਤ ਕਰੋ ਤਾਂ ਜੋ ਕਿ ਕੋਰਟ ਤੁਹਾਨੂੰ ਪਛਾਣ ਸਕੇ। ਫਿਰ ") Joinਸ਼ਾਮਲ ਹੋਵੋ(" ਦੀ ਚੋਣ ਕਰੋ।







---

### *ਨੋਟ:*

*ਇਹਨਾਂ ਪੜਾਵਾਂ ਵਿਚਾਲੇ, Zoom ਤੁਹਾਨੂੰ ਐਪਲੀਕੇਸ਼ਨ ਡਾਊਨਲੋਡ ਕਰਨ ਜਾਂ ਵੈੱਬ ਬ੍ਰਾਊਜ਼ਰ ਨਾਲ ਸ਼ਾਮਲ ਹੋਣ ਲਈ ਵੀ ਕਹੇਗਾ। ") Join from Your Browser ਆਪਣੇ ਬ੍ਰਾਊਜ਼ਰ ਰਾਹੀਂ ਸ਼ਾਮਲ ਹੋਵੋ(" ਦੀ ਚੋਣ ਕਰੋ।*



3

## ਆਪਣੇ ਆਡੀਓ ਦੀ ਚੋਣ ਕਰੋ

ਜੇਕਰ ਤੁਹਾਡੇ ਕੰਪਿਊਟਰ **ਵਿੱਚ ਮਾਈਕ੍ਰੋਫੋਨ** ਹੈ, ਤਾਂ " Computer ) Audioਕੰਪਿਊਟਰ ਆਡੀਓ(" ਦੀ ਚੋਣ ਕਰੋ। ਫਿਰ " Join with ) Computer Audioਕੰਪਿਊਟਰ ਆਡੀਓ ਨਾਲ ਸ਼ਾਮਲ ਹੋਵੋ(" ਦੀ ਚੋਣ ਕਰੋ।

ਜੇਕਰ ਤੁਹਾਡੇ ਕੰਪਿਊਟਰ **ਵਿੱਚ ਮਾਈਕ੍ਰੋਫੋਨ** ਨਹੀਂ ਹੈ, ਤਾਂ " Phone Call(ਫੋਨ ਕਾਲ(" ਚੁਣੋ ਅਤੇ ਆਪਣੇ ਲੈਂਡਲਾਈਨ ਜਾਂ ਮੋਬਾਈਲ ਫੋਨ ਦਾ ਉਪਯੋਗ ਕਰਦੇ ਹੋਏ ਦਿੱਤੇ ਗਏ ਨੰਬਰਾਂ ਵਿੱਚੋਂ ਇੱਕ ਡਾਇਲ ਕਰੋ। ਸੰਕੇਤ ਮਿਲਣ 'ਤੇ, # ਚਿੰਨ ਤੋਂ ਬਾਅਦ ਮੀਟਿੰਗ ਆਈ.ਡੀ. ਦਾਖਲ ਕਰੋ। ਸੰਕੇਤ ਮਿਲਣ 'ਤੇ, # ਚਿੰਨ ਤੋਂ ਬਾਅਦ ਪ੍ਰਤੀਭਾਗੀ ਆਈ.ਡੀ. ਦਾਖਲ ਕਰੋ। (ਜੇਕਰ ਤੁਹਾਡੇ ਕੋਲ ਪ੍ਰਤੀਭਾਗੀ ਆਈ.ਡੀ. ਨਹੀਂ ਹੈ, ਤਾਂ # ਦਬਾਓ)

*ਜੇਕਰ ਤੁਹਾਨੂੰ ਵਿਆਖਿਆ ਕਰਨ ਦੀ ਲੋੜ ਹੈ ਅਤੇ ਡਾਇਲ ਕਰਨ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ।*







4

## ਵੀਡੀਓ ਵਿੱਚ ਸ਼ਾਮਲ ਹੋਵੋ

Zoom ਤੁਹਾਨੂੰ ਵੀਡੀਓ ਦੇ ਨਾਲ ਜਾਂ ਵੀਡੀਓ ਦੇ ਬਗੈਰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰੇਗਾ। ਖੁੱਲਣ ਵਾਲੀ ਵਿੰਡੋ ਵਿੱਚ ਤੁਹਾਨੂੰ ਇੱਕ ਪ੍ਰੀਵਿਊ ਦਿਖਾਈ ਦੇਵੇਗਾ। ") Join with Videoਵੀਡੀਓ ਨਾਲ ਸ਼ਾਮਲ ਹੋਵੋ(" ਦੀ ਚੋਣ ਕਰੋ।



***ਨੋਟ:***

*ਤੁਹਾਡੇ ਆਉਣ 'ਤੇ ਤੁਹਾਨੂੰ ਇੱਕ ਵੇਟਿੰਗ ਰੂਮ ਵਿੱਚ ਰੱਖਿਆ ਜਾ ਸਕਦਾ ਹੈ। ਸਮਾਂ ਆਉਣ 'ਤੇ ਮੇਜ਼ਬਾਨ ਤੁਹਾਨੂੰ ਮੀਟਿੰਗ ਵਿੱਚ ਆਉਣ ਦੇਵੇਗਾ।*




## 5 ਆਪਣੇ ਮਾਈਕ੍ਰੋਫੋਨ ਨੂੰ ਮਿਊਟ ਕਰੋ ਅਤੇ ਇਹ ਜਾਂਚ ਕਰੋ ਕਿ ਤੁਹਾਡਾ ਵੀਡੀਓ ਚਾਲੂ ਹੈ।

ਇੱਕ ਵਾਰ ਜਦੋਂ ਤੁਸੀਂ ਮੀਟਿੰਗ ਵਿੱਚ ਹੋਵੋ, ਤਾਂ ਇਹ ਤਸਦੀਕ ਕਰੋ ਕਿ ਤੁਹਾਡਾ ਮਾਈਕ੍ਰੋਫੋਨ ਮਿਊਟ ਹੈ ਅਤੇ ਤੁਹਾਡਾ ਕੈਮਰਾ ਚਾਲੂ ਹੈ।

ਜਦੋਂ ਤੁਹਾਡੇ ਮਾਈਕ੍ਰੋਫੋਨ ਜਾਂ ਕੈਮਰਾ ਆਈਕਾਨ ਦੇ ਮਾਧਿਅਮ ਨਾਲ ਲਾਲ ਸਲੈਸ਼ ਹੁੰਦਾ ਹੈ, ਤਾਂ ਉਹ ਬੰਦ ਹੋ ਜਾਂਦੇ ਹਨ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਮਾਈਕ੍ਰੋਫੋਨ ਆਈਕਨ ਦੇ ਮਾਧਿਅਮ ਨਾਲ ਇੱਕ ਲਾਲ ਸਲੈਸ਼ ਹੈ ਅਤੇ (ਮਿਊਟ ਹੈ) ਅਤੇ ਇਹ ਕਿ ਤੁਹਾਡਾ ਕੈਮਰਾ ਨਹੀਂ ਹੈ (ਚਾਲੂ ਨਹੀਂ ਹੈ)।



# ਸਮਾਰਟਫੋਨ ਜਾਂ ਟੈਬਲੈਟ ਤੱਕ ਪਹੁੰਚ

ਸਮਾਰਟਫੋਨ ਜਾਂ ਟੈਬਲੈਟ 'ਤੇ Zoom ਤੱਕ ਪਹੁੰਚ ਕਰਨ ਲਈ, ਤੁਹਾਡੇ ਕੋਲ Zoom ਐਪਲੀਕੇਸ਼ਨ ਹੋਣੀ ਚਾਹੀਦੀ ਹੈ।

## ਆਪਣੀ ਡਿਵਾਈਸ 'ਤੇ Zoom ਐਪਲੀਕੇਸ਼ਨ ਡਾਊਨਲੋਡ ਕਰੋ

*Zoom ਐਪਲੀਕੇਸ਼ਨ ਮੁਫਤ ਹੈ। ਜੇਕਰ ਤੁਸੀਂ ਆਪਣੀ ਡਿਵਾਈਸ 'ਤੇ ਪਹਿਲਾਂ ਹੀ Zoom ਡਾਊਨਲੋਡ ਕਰ ਲਿਆ ਹੈ, ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਨਵੀਨਤਮ ਅੱਪਡੇਟਸ ਇੰਸਟਾਲ ਕੀਤੇ ਹਨ।*

1

**ਆਪਣੀ ਡਿਵਾਈਸ 'ਤੇ Zoom ਡਾਊਨਲੋਡ ਕਰੋ।**
ਆਪਣੇ ਟੈਬਲੈਟ ਜਾਂ ਸਮਾਰਟਫੋਨ 'ਤੇ App store ਜਾਂ Google play 'ਤੇ ਜਾਓ ਅਤੇ Zoom Cloud Meetings ਐਪਲੀਕੇਸ਼ਨ ਇੰਸਟਾਲ ਕਰੋ।

2

**ਮੀਟਿੰਗ ਵਿਚ ਸ਼ਾਮਲ ਹੋਵੋ**
ਆਪਣੀ ਅਦਾਲਤੀ ਕਾਰਵਾਈ ਦੀ ਤਾਰੀਕ ਅਤੇ ਸਮੇਂ 'ਤੇ, Zoom ਐਪਲੀਕੇਸ਼ਨ ਖੋਲੋ। ") Join Meetingਮੀਟਿੰਗ ਵਿੱਚ ਸ਼ਾਮਲ ਹੋਵੋ(" ਦੀ ਚੋਣ ਕਰੋ।

ਤੁਹਾਨੂੰ ਕੋਰਟ ਤੋਂ Zoom ਮੀਟਿੰਗ ਦਾ ਲਿੰਕ ਵੀ ਮਿਲਿਆ ਹੋਵੇਗਾ। ਜੇਕਰ ਅਜਿਹਾ ਹੈ, ਤਾਂ ਤੁਸੀਂ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਇਸ ਲਿੰਕ 'ਤੇ ਟੈਪ ਵੀ ਕਰ ਸਕਦੇ ਹੋ। ਤੁਸੀਂ ਆਪਣੀ ਡਿਵਾਈਸ ਦੇ ਬ੍ਰਾਊਜ਼ਰ ਵਿੱਚ https://zoom.us/join 'ਤੇ ਵੀ ਜਾ ਸਕਦੇ ਹੋ। Zoom ਤੁਹਾਨੂੰ Cloud Meetings (ਕਲਾਊਡ ਮੀਟਿੰਗ) ਐਪਲੀਕੇਸ਼ਨ ਖੋਲਣ ਲਈ ਕਹੇਗਾ। ") Openਖੋਲ੍ਹੋ(" ਦੀ ਚੋਣ ਕਰੋ। ਫਿਰ ") Join Meetingਮੀਟਿੰਗ ਵਿੱਚ ਸ਼ਾਮਲ ਹੋਵੋ(" 'ਤੇ ਟੈਪ ਕਰੋ।
*ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।*




Zoom ਐਪਲੀਕੇਸ਼ਨ ਵਿੱਚ " Join Meeting )ਮੀਟਿੰਗ ਵਿੱਚ ਸ਼ਾਮਲ ਹੋਵੋ(" ਦੀ

ਲਿੰਕ ਦੀ ਚੋਣ

Join Zoom Meeting
https://zoom.us/j/91745640240?pwd=bIZ4Z1FIMGkraEI5NW42dzk2d[redacted]




ਇੱਕ ਬ੍ਰਾਊਜ਼ਰ ਤੋਂ " Join Meeting )ਮੀਟਿੰਗ ਵਿੱਚ ਸ਼ਾਮਲ ਹੋਵੋ(" ਦੀ ਚੋਣ ਕਰੋ।

3

## ਆਪਣੀ ਮੀਟਿੰਗ ਆਈ.ਡੀ. ਅਤੇ ਆਪਣਾ ਨਾਮ ਦਾਖਲ ਕਰੋ

ਕੋਰਟ ਦੁਆਰਾ ਤੁਹਾਨੂੰ ਦਿਤੀ ਗਈ ਗਈ ਮੀਟਿੰਗ ਆਈ.ਡੀ. ਦਾਖਲ ਕਰੋ। (ਇਹ ਜਾਣਕਾਰੀ ਕੋਰਟ ਦੁਆਰਾ ਭੇਜੇ ਗਏ Zoom ਮੀਟਿੰਗ ਸੱਦੇ ਵਿੱਚ ਹੋਵੇਗੀ) ਆਪਣਾ ਪੂਰਾ ਨਾਮ ਦਰਜ ਕਰਨਾ ਸੁਨਿਸ਼ਚਿਤ ਕਰੋ ਤਾਂ ਜੋ ਕਿ ਕੋਰਟ ਤੁਹਾਡੀ ਪਛਾਣ ਕਰ ਸਕੇ। ਫਿਰ “) Joinਸ਼ਾਮਲ ਹੋਵੋ(” ਦੀ ਚੋਣ ਕਰੋ।




4

## ਪਾਸਕੋਡ ਦਾਖਲ ਕਰੋ

ਸੰਕੇਤ ਮਿਲਣ 'ਤੇ ਪਾਸਕੋਡ ਦਰਜ ਕਰੋ। (ਇਹ ਜਾਣਕਾਰੀ ਕੋਰਟ ਦੁਆਰਾ ਭੇਜੇ ਗਏ Zoom ਮੀਟਿੰਗ ਸੱਦੇ ਵਿੱਚ ਹੋਵੇਗੀ) ਫਿਰ “Continue (ਜਾਰੀ ਰੱਖੋ)" ਦੀ ਚੋਣ ਕਰੋ।




5

## ਆਪਣੇ ਆਡੀਓ ਦੀ ਚੋਣ ਕਰੋ

ਜੇਕਰ ਤੁਹਾਡਾ ਟੈਬਲੈਟ ਜਾਂ ਸਮਾਰਟਫੋਨ **ਇੰਟਰਨੈਟ ਨਾਲ ਜੁੜਿਆ ਹੈ**, ਜਾਂ ਫਿਰ ਜੇਕਰ ਤੁਸੀਂ **ਸੈਲੂਲਰ ਡੈਟਾ ਦਾ ਉਪਯੋਗ ਕਰ ਰਹੇ ਹੋ**, ਤਾਂ “) Wifi Or Cellular Dataਵਾਈ-ਫਾਈ ਜਾਂ ਸੈਲੂਲਰ ਡੈਟਾ(” ਦੀ ਚੋਣ ਕਰੋ।
ਜੇਕਰ ਤੁਹਾਡਾ ਟੈਬਲੈਟ ਜਾਂ ਸਮਾਰਟਫੋਨ **ਇੰਟਰਨੈਟ ਨਾਲ ਜੁੜਿਆ ਹੋਇਆ ਨਹੀਂ ਹੈ**, ਜਾਂ ਫਿਰ ਤੁਸੀਂ **ਸੈਲੂਲਰ ਡੈਟਾ ਦਾ ਉਪਯੋਗ ਨਹੀਂ ਕਰ ਰਹੇ ਹੋ**, ਤਾਂ “) Dial Inਡਾਇਲ ਇਨ(” ਦੀ ਚੋਣ ਕਰੋ। ਫਿਰ ਦਿੱਤੇ ਗਏ ਡਾਇਲ ਇਨ ਨੰਬਰਾਂ ਵਿੱਚੋਂ ਕਿਸੇ ਇੱਕ ਦੇ ਫੋਨ ਆਈਕਨ ’ਤੇ ਟੈਪ ਕਰੋ ਅਤੇ “) Dialਡਾਇਲ(” ਦੀ ਚੋਣ ਕਰੋ।

*ਜੇਕਰ ਤੁਹਾਨੂੰ ਵਿਆਖਿਆ ਕਰਨ ਦੀ ਲੋੜ ਹੈ ਅਤੇ ਡਾਇਲ ਕਰਨ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ।*



***ਨੋਟ:***

*ਤੁਹਾਡੇ ਆਉਣ ’ਤੇ ਤੁਹਾਨੂੰ ਇੱਕ ਵੇਟਿੰਗ ਰੂਮ ਵਿੱਚ ਰੱਖਿਆ ਜਾ ਸਕਦਾ ਹੈ। ਸਮਾਂ ਆਉਣ ’ਤੇ ਮੇਜ਼ਬਾਨ ਤੁਹਾਨੂੰ ਮੀਟਿੰਗ ਵਿੱਚ ਆਉਣ ਦੇਵੇਗਾ।*




**6**

**ਆਪਣੇ ਮਾਈਕ੍ਰੋਫੋਨ ਨੂੰ ਮਿਊਟ ਕਰੋ ਅਤੇ ਇਹ ਜਾਂਚ ਕਰੋ ਕਿ ਤੁਹਾਡਾ ਵੀਡੀਓ ਚਾਲੂ ਹੈ।**

ਇੱਕ ਵਾਰ ਜਦੋਂ ਤੁਸੀਂ ਮੀਟਿੰਗ ਵਿੱਚ ਹੋਵੋ, ਤਾਂ ਇਹ ਤਸਦੀਕ ਕਰੋ ਕਿ ਤੁਹਾਡਾ ਮਾਈਕ੍ਰੋਫੋਨ ਮਿਊਟ ਹੈ ਅਤੇ ਤੁਹਾਡਾ ਕੈਮਰਾ ਚਾਲੂ ਹੈ।

ਜਦੋਂ ਤੁਹਾਡੇ ਮਾਈਕ੍ਰੋਫੋਨ ਜਾਂ ਕੈਮਰਾ ਆਈਕਾਨ ਦੇ ਮਾਧਿਅਮ ਨਾਲ ਲਾਲ ਸਲੈਸ਼ ਹੁੰਦਾ ਹੈ, ਤਾਂ ਉਹ ਬੰਦ ਹੋ ਜਾਂਦੇ ਹਨ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਮਾਈਕ੍ਰੋਫੋਨ ਆਈਕਨ ਦੇ ਮਾਧਿਅਮ ਨਾਲ ਇੱਕ ਲਾਲ ਸਲੈਸ਼ ਹੈ ਅਤੇ (ਮਿਊਟ ਹੈ) ਅਤੇ ਇਹ ਕਿ ਤੁਹਾਡਾ ਕੈਮਰਾ ਨਹੀਂ ਹੈ (ਚਾਲੂ ਨਹੀਂ ਹੈ)।



# ਟੈਲੀਫੋਨ ਤੱਕ ਪਹੁੰਚ

ਜੇਕਰ ਤੁਹਾਡੇ ਕੋਲ ਆਡੀਓ ਅਤੇ ਵੀਡੀਓ ਨਾਲ ਡਿਵਾਈਸ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ ਲੈਂਡਲਾਈਨ ਅਤੇ ਮੋਬਾਈਲ ਫੋਨ ਦਾ ਉਪਯੋਗ ਕਰਦੇ ਹੋਏ Zoom 'ਤੇ ਇੱਕ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਡਾਇਲ ਕਰਨ ਦੇ ਸਮਰੱਥ ਹੋ ਸਕਦੇ ਹੋ। ਜੇਕਰ ਤੁਹਾਨੂੰ ਇਸ ਵਿਕਲਪ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ, ਖਾਸ ਤੌਰ 'ਤੇ ਜੇਕਰ ਤੁਹਾਨੂੰ ਵਿਆਖਿਆ ਦੀ ਲੋੜ ਹੈ।

## Zoom ਵਿੱਚ ਡਾਇਲ ਕਰੋ

*ਜੇਕਰ ਤੁਸੀਂ ਲੈਂਡਲਾਈਨ ਜਾਂ ਮੋਬਾਈਲ ਫੋਨ 'ਤੇ ਡਾਇਲ ਕਰਦੇ ਹੋ, ਤਾਂ ਤੁਸੀਂ ਹੋਰਨਾਂ ਪ੍ਰਤੀਭਾਗੀਆਂ ਨੂੰ ਨਹੀਂ ਦੇਖ ਸਕੋਗੇ, ਅਤੇ ਉਹ ਵੀ ਤੁਹਾਨੂੰ ਨਹੀਂ ਦੇਖ ਸਕਣਗੇ। ਪਰ ਤੁਸੀਂ ਉਹਨਾਂ ਨੂੰ ਸੁਣ ਸਕੋਗੇ ਅਤੇ ਉਹ ਵੀ ਤੁਹਾਨੂੰ ਸੁਣ ਸਕਣਗੇ।*

**1**

### Zoom ਮੀਟਿੰਗ ਸੱਦਾ ਖੋਲੋ ਅਤੇ ਡਾਇਲ ਕਰੋ

ਤੁਹਾਨੂੰ ਕੋਰਟ ਤੋਂ ਮਿਲੇ ਸੱਦੇ 'ਤੇ ਜਾਓ। ਸੂਚੀਬੱਧ ਕਿਸੇ ਵੀ ਨੰਬਰ ਨੂੰ ਡਾਇਲ ਕਰੋ। (*ਤੁਸੀਂ ਆਪਣੇ ਸਮਾਂ ਖੇਤਰ ਨਾਲ ਮੇਲ ਖਾਣ ਵਾਲੀ ਸੰਖਿਆ ਚੁਣ ਸਕਦੇ ਹੋ, ਪਰ ਇਸ ਦੀ ਲੋੜ ਨਹੀਂ ਹੈ*)

ਤੁਸੀਂ Zoom ਮੀਟਿੰਗ ਸੱਦੇ ਵਿੱਚ ਸੂਚੀਬੱਧ ") One tap mobileਵਨ ਟੈਪ ਮੋਬਾਈਲ(" ਨੰਬਰਾਂ ਵਿੱਚੋਂ ਕਿਸੇ ਦੀ ਚੋਣ ਵੀ ਕਰ ਸਕਦੇ ਹੋ। ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਨੰਬਰ ਦਾਂ ਉਪਯੋਗ ਕਰਦੇ ਹੋ, ਤਾਂ ਤੁਹਾਨ ਆਪਣੀ ਮੀਟਿੰਗ ਆਈ.ਡੀ. ਅਤੇ ਪਾਸਕੋਡ ਦਰਜ ਕਰਨ ਦੀ ਲੋੜ ਨਹੀਂ ਹੈ, ਅਤੇ ਤੁਸੀਂ ਪੜਾਅ 2 ਨੂੰ ਛੱਡ ਸਕੂੰਦੇ ਹੋ। ਮੀਟਿੰਗ ਹੋਸਟ ਵਿੱਚ ਸ਼ਾਮਲ ਹੋਣ ਤੋਂ ਬਾਅਦ ਤੁਸੀਂ ਮੀਟਿੰਗ ਵਿੱਚ ਖੁਦ-ਬ-ਖੁਦ ਸ਼ਾਮਲ ਹੋ ਜਾਵੋਗੇ।

*ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।*

ਇੱਕ ਟੈਪ ਮੋਬਾਈਲ ਨਾਲ ਡਾਇਲ

Topic: My Meeting
Time: Mar 2, 2022 09:30 AM Eastern Time (US and Canada)

Join Zoom Meeting
https://zoom.us/j/92783303398?pwd=amE0UlVPeXYwQ01QUUdteG54cUhadz09

Meeting ID: 927 8330 3398
Passcode: 827185
One tap mobile
+16468769923,,92783303398# US (New York)
+13017158592,,92783303398# US (Washington DC)

Dial by your location
+1 646 876 9923 US (New York)
+1 301 715 8592 US (Washington DC)
+1 312 626 6799 US (Chicago)
+1 669 900 6833 US (San Jose)
+1 253 215 8782 US (Tacoma)
+1 346 248 7799 US (Houston)
Meeting ID: 927 8330 3398
Find your local number: https://zoom.us/u/aokb220eh

ਸਥਾਨ ਦੇ ਅਨੁਸਾਰ ਡਾਇਲ ਕਰੋ

---

**2**

### ਮੀਟਿੰਗ ਆਈ.ਡੀ. ਅਤੇ ਪਾਸਕੋਡ ਦਾਖਲ ਕਰੋ

ਕੋਰਟ ਦੁਆਰਾ ਤੁਹਾਨੂੰ ਦਿੱਤੀ ਗਈ ਮੀਟਿੰਗ ਆਈ.ਡੀ. ਦਾਖਲ ਕਰੋ। ਉਸ ਤੋਂ ਬਾਅਦ # ਦਾ ਚਿੰਨ ਲਗਾਓ। ਪਾਸਕੋਡ ਦਰਜ ਕਰੋ, ਜੇਕਰ ਸੰਕੇਤ ਦਿੱਤਾ ਜਾਵੇ, ਤਾਂ # ਚਿੰਨ ਤੋਂ ਬਾਅਦ। (ਇਹ ਜਾਣਕਾਰੀ ਕੋਰਟ ਦੁਆਰਾ ਭੇਜੇ ਗਏ Zoom ਮੀਟਿੰਗ ਸੱਦੇ ਵਿੱਚ ਹੋਵੇਗੀ।) ਮੀਟਿੰਗ ਹੋਸਟ ਦੇ ਸ਼ਾਮਲ ਹੋਣ ਤੋਂ ਬਾਅਦ ਤੁਸੀਂ ਮੀਟਿੰਗ ਨਾਲ ਕੁਨੈਕਟ ਹੋ ਜਾਵੋਗੇ।

Topic: My Meeting
Time: Mar 2, 2022 09:30 AM Eastern Time (US and Canada)

Join Zoom Meeting
https://zoom.us/j/92783303398?pwd=amE0UlVPeXYwQ01QUUdteG54cUhadz09

Meeting ID: 927 8330 3398
Passcode: 827185
One tap mobile
+16468769923,,92783303398# US (New York)
+13017158592,,92783303398# US (Washington DC)

Dial by your location
+1 646 876 9923 US (New York)
+1 301 715 8592 US (Washington DC)
+1 312 626 6799 US (Chicago)
+1 669 900 6833 US (San Jose)
+1 253 215 8782 US (Tacoma)
+1 346 248 7799 US (Houston)
Meeting ID: 927 8330 3398
Find your local number: https://zoom.us/u/aokb220eh

3

### ਆਪਣੇ ਮਾਈਕ੍ਰੋਫੋਨ ਨੂੰ ਮਿਊਟ ਕਰੋ

ਇੱਕ ਵਾਰ ਜਦੋਂ ਤੁਸੀਂ ਕੁਨੈਕਟ ਹੋ ਜਾਂਦੇ ਹੋ, ਅਤੇ ਜੇਕਰ ਤੁਹਾਡੇ ਟੈਲੀਫੋਨ ਵਿੱਚ ਮਿਊਟ ਸਮਰੱਥਾਵਾਂ ਹਨ, ਤਾਂ ਇਹ ਤਸਦੀਕ ਕਰੋ ਕਿ ਤੁਹਾਡਾ ਮਾਈਕ੍ਰੋਫੋਨ ਮਿਊਟ ਹੈ। ਜਦੋਂ ਤੁਸੀਂ ਬੋਲ ਰਹੇ ਹੋ, ਤਾਂ ਖੁਦ ਨੂੰ ਅਨਮਿਊਟ ਕਰਨਾ ਸੁਨਿਸ਼ਚਿਤ ਕਰੋ ਅਤੇ ਜਦੋਂ ਤੁਸੀਂ ਨਹੀਂ ਬੋਲ ਰਹੇ ਹੋ, ਤਾਂ ਖੁਦ ਨੂੰ ਮਿਊਟ ਕਰਨਾ ਸੁਨਿਸ਼ਚਿਤ ਕਰੋ।



## ਤੁਹਾਡੇ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਭਾਗ ਲੈਣ ਲਈ ਨੁਕਤੇ।

1. ਇੱਕ ਸ਼ਾਂਤ ਸਥਾਨ ਦੀ ਚੋਣ ਕਰੋ ਜਿੱਥੇ ਕਿ ਤੁਸੀਂ ਬਗੈਰ ਕਿਸੇ ਰੁਕਾਵਟ ਦੇ ਅਤੇ ਕੰਮ ਜਾਂ ਡਰਾਈਵ ਵਰਗੇ ਹੋਰ ਕਾਰਜ ਕੀਤੇ ਬਗੈਰ ਕੁਝ ਘੰਟਿਆਂ ਤੱਕ ਰਹਿ ਸਕੋ। ਇਸ ਦੀ ਬਹੁਤ ਜ਼ਿਆਦਾ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਘਰ ਦਾ ਇੱਕ ਸ਼ਾਂਤ ਖੇਤਰ ਜਾਂ ਇੱਕ ਨਿੱਜੀ ਸਥਾਨ ਚੁਣੋ।
2. ਇਸ ਦੀ ਜਾਂਚ ਕਰੋ ਕਿ ਤੁਹਾਡੀ ਬੈਕਗਰਾਊਂਡ ਕੋਰਟ ਲਈ ਉਚਿਤ ਹੈ।
3. ਕੋਰਟ ਦੇ ਕੈਲੰਡਰ ਦੇ ਆਧਾਰ ’ਤੇ, ਤੁਹਾਨੂੰ ਆਪਣੇ ਮਾਮਲੇ ਨੂੰ ਬੁਲਾਏ ਜਾਣ ਲਈ ਕੁਝ ਸਮੇਂ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਜਦੋਂ ਤੱਕ ਕਿ ਤੁਹਾਡੇ ਕੇਸ ਨਹੀਂ ਬੁਲਾਇਆ ਜਾਂਦਾ ਹੈ, ਉਦੋਂ ਤੱਕ ਤੁਹਾਨੂੰ ਵੇਟਿੰਗ ਰੂਮ ਵਿੱਚ ਰੱਖਿਆ ਜਾ ਸਕਦਾ ਹੈ।
4. ਉਚਿਤ ਪਹਿਰਾਵਾ ਪਾਓ। ਹਾਲਾਂਕਿ ਤੁਸੀਂ ਨਿੱਜੀ ਰੂਪ ਵਿੱਚ ਕੋਰਟ ਨਹੀਂ ਜਾ ਰਹੇ ਹੋ, ਪਰ ਜਿਸ ਪਹਿਰਾਵੇ ਦੀ ਤੁਸੀਂ ਚੋਣ ਕਰਦੇ ਹੋ, ਉਸ ਵਿੱਚ ਕੋਰਟ ਲਈ ਸਨਮਾਨ ਦਿਖਣਾ ਚਾਹੀਦਾ ਹੈ। ਕਿਸੇ ਅਜਿਹੇ ਪਹਿਰਾਵੇ ਦੀ ਚੋਣ ਕਰੋ ਜੋ ਕਿ ਤੁਸੀਂ ਇੱਕ ਪੇਸ਼ੇਵਰ ਦਫਤਰ ਜਾਂ ਬਿਜਨੈੱਸ ਸੈਟਿੰਗ ਵਿੱਚ ਪਹਿਨ ਸਕਦੇ ਹੋਵੋ।
5. ਜੱਜ ਨੂੰ “Your Honor (ਯੂਅਰ ਆਨਰ)” ਕਹਿ ਕੇ ਸੰਬੋਧਨ ਕਰੋ।
6. ਜੇਕਰ ਤੁਸੀਂ ਸੁਣ ਨਹੀਂ ਸਕਦੇ ਹੋ, ਜਾਂ ਫਿਰ ਤੁਹਾਨੂੰ ਕੋਈ ਤਕਨੀਕੀ ਕਠਿਨਾਈ ਹੋ ਰਹੀ ਹੈ, ਤਾਂ ਜੱਜ ਨੂੰ ਦੱਸੋ।
7. ਰੁਕਾਵਟ ਨਾ ਪਾਓ। ਜੇਕਰ ਤੁਹਾਡਾ ਕੋਈ ਸਵਾਲ ਹੈ, ਤਾਂ ਤੁਸੀਂ ਟੂਲਬਾਰ ’ਤੇ “Reactions (ਪ੍ਰਤੀਕਿਰਿਆਵਾਂ(” ਦੇ ਤਹਿਤ “ raise ) handਹੱਥ ਖੜ੍ਹਾ ਕਰੋ(” ਆਈਕਨ ਦਾ ਉਪਯੋਗ ਕਰ ਸਕਦੇ ਹੋ। ਇਹ ਦੂਸਰਿਆਂ ਨੂੰ ਸੁਚੇਤ ਕਰਨ ਲਈ ਤੁਹਾਡੇ ਨਾਮ ਅਤੇ ਵੀਡੀਓ ਦੇ ਅੱਗੇ ਇੱਕ ਛੋਟਾ ਜਿਹਾ ਹੱਥ ਰੱਖੇਗਾ ਕਿ ਤੁਹਾਡਾ ਕੋਈ ਸਵਾਲ ਹੈ।
8. ਹਰ ਸਮੇਂ ਕੈਮਰੇ ਦੇ ਸਾਹਮਣੇ ਰਹੋ। ਯਾਦ ਰੱਖੋ ਕਿ ਤੁਹਾਡਾ ਕੈਮਰਾ ਚਾਲੂ ਹੋਣ ’ਤੇ ਹੋਰ ਲੋਕ ਤੁਹਾਨੂੰ ਦੇਖ ਸਕਣਗੇ।
9. ਜਦੋਂ ਤੱਕ ਤੁਸੀਂ ਬੋਲ ਨਹੀਂ ਰਹੇ ਹੋ, ਉਦੋਂ ਤੱਕ ਮਿਊਟ ਰਹੋ। ਯਾਦ ਰੱਖੋ ਕਿ ਜਦੋਂ ਤੱਕ ਤੁਹਾਡਾ ਮਾਈਕ੍ਰੋਫੋਨ ਮਿਊਟ ਨਹੀਂ ਕੀਤਾ ਜਾਂਦਾ ਹੈ, ਉਦੋਂ ਤੱਕ ਹੋਰ ਲੋਕ ਤੁਹਾਨੂੰ ਸੁਣ ਸਕਣਗੇ।
10. ਇਸ ’ਤੇ ਵਧੇਰੇ ਜਾਣਕਾਰੀ ਲਈ https://www.courts.ca.gov/VRI.htm ’ਤੇ ਵੀਡੀਓਜ਼ ਦੇਖੋ।
    - Zoom ’ਤੇ ਤੁਹਾਡੇ ਦੂਰ-ਦੁਰਾਡੇ ਦੀ ਕੋਰਟ ਦੀ ਕਾਰਵਾਈ ਲਈ ਤਿਆਰੀ
    - Zoom ’ਤੇ ਆਪਣੀ ਦੂਰ-ਦੁਰਾਡੇ ਦੀ ਕੋਰਟ ਦੀ ਕਾਰਵਾਈ ਵਿੱਚ ਕਿਵੇਂ ਸ਼ਾਮਲ ਹੋਣਾ ਹੈ